# ਰੰਗ ਦੇ ਲਲਾਰਿਯਾ ਚੁੰਨ੍ਰੀ ਗੁਲਾਨਾਰੀ

ਰੰਗ ਦੇ ਲਲਾਰੀਆ, ਚੁੰਨੀ ਗ਼ੁਲਾਨਾਰੀ,
ਰੰਗ ਦੇ ਲਲਾਰੀਆ ॥
*ਏਹ ਚੁੰਨੀ ਮਈਆ ਜੀ ਨੂੰ, ਲੱਗਦੀ ਏ ਪਿਆਰੀ,
ਰੰਗ ਦੇ ਲਲਾਰੀਆ, ਚੁੰਨੀ ਗ਼ੁਲਾਨਾਰੀ,
ਰੰਗ ਦੇ ਲਲਾਰੀਆ ॥

ਲਾਲ ਪੀਲਾ ਨੀਲਾ ਰੰਗ, ਹਰੇ ਰੰਗ ਮਈਆ ਦਾ ।
ਚੋਲਾ ਏ ਬਣਾਉਣਾ ਮੈਂ ਤੇ, ਜਗਤ ਰਚਈਆ ਦਾ ।
ਝੰਡੇਵਾਲੀ ਮਈਆ ਸਾਰੇ, ਜੱਗ ਕੋਲੋਂ ਨਿਆਰੀ* ।
*ਏਹ ਚੁੰਨੀ ਮਈਆ ਜੀ ਨੂੰ, ਲੱਗਦੀ ਏ ਪਿਆਰੀ,,,
ਰੰਗ ਦੇ ਲਲਾਰੀਆ, ਚੁੰਨੀ ਗ਼ੁਲਾਨਾਰੀ,
ਰੰਗ ਦੇ ਲਲਾਰੀਆ ॥

ਚੁੰਨੀ ਮੇਰੀ ਮਈਆ ਜੀ ਦੀ, ਬੜੀ ਆਲੀਸ਼ਾਨ ਏ ।
ਧਰਤੀ ਏਹ ਚੁੰਨੀ ਚੁੰਨੀ, ਸਾਰਾ ਆਸਮਾਨ ਏ ।
ਲਾਲ ਲਾਲ ਚੋਲਾ ਉੱਤੇ, ਲੱਗੀ ਏ ਕਿਨਾਰੀ* ।
*ਏਹ ਚੁੰਨੀ ਮਈਆ ਜੀ ਨੂੰ, ਲੱਗਦੀ ਏ ਪਿਆਰੀ,,,
ਰੰਗ ਦੇ ਲਲਾਰੀਆ, ਚੁੰਨੀ ਗ਼ੁਲਾਨਾਰੀ,
ਰੰਗ ਦੇ ਲਲਾਰੀਆ ॥

ਸੁਣ ਵੇ ਲਲਾਰੀਆ ਮੈਂ, ਇੱਕੋ ਗੱਲ ਕਹਿਣੀ ਆ ।
ਪਿਆਰ ਵਾਲੇ ਰੰਗਾਂ ਵਾਲੀ, ਚੁੰਨੀ ਮਾਂ ਨੇ ਲੈਣੀ ਏ ।
ਚੰਚਲ ਏਹ ਚੁੰਨੀ ਉੱਤੋਂ, ਜੱਗ ਬਲਿਹਾਰੀ* ।
*ਏਹ ਚੁੰਨੀ ਮਈਆ ਜੀ ਨੂੰ, ਲੱਗਦੀ ਏ ਪਿਆਰੀ,,,
ਰੰਗ ਦੇ ਲਲਾਰੀਆ, ਚੁੰਨੀ ਗ਼ੁਲਾਨਾਰੀ,
ਰੰਗ ਦੇ ਲਲਾਰੀਆ ॥

ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ ॥

ਜੇਹੜੀ ਚੁੰਨੀ ਮਈਆ ਜੀ ਦੇ, ਗਲੇ ਦਾ ਸ਼ਿੰਗਾਰ ਏ ।
ਜੇਹੜੀ ਚੁੰਨੀ ਮਈਆ ਜੀ ਨੇ, ਕੀਤੀ ਸਵੀਕਾਰ ਏ ॥
ਗੋਟੇ ਤੇ ਕਿਨਾਰੀ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਜੱਗ ਤੋਂ ਨਿਆਰੀ ਵਾਲੀ,,, ਏਹੀਓ ਚੁੰਨੀ ਲੈਣੀ ਏ ।
*ਰੰਗ ਗ਼ੁਲਾਨਾਰੀ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਸੋਹਣੀ ਫੁੱਲਕਾਰੀ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਏਹੀਓ ਚੁੰਨੀ ਲੈਣੀ ਆ ਮੈਂ, ਏਹੀਓ ਚੁੰਨੀ ਲੈਣੀ ਏ ॥॥

ਚੁੰਨੀ ਲੈ ਕੇ ਮਈਆ ਜੀ ਨੇ, ਭਗਤਾਂ ਨੂੰ ਤਾਰਿਆ ।
ਚੁੰਨੀ ਲੈ ਕੇ ਰਾਣੀ ਮਾਂ ਨੇ, ਦੁਸ਼ਟਾਂ ਨੂੰ ਮਾਰਿਆ ॥
ਕੰਜ਼ਕਾਂ ਦੇ ਪਿਆਰ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਚਾਅ ਮਲ੍ਹਾਰ ਵਾਲੀ,,, ਏਹੀਓ ਚੁੰਨੀ ਲੈਣੀ ਏ ।
*ਲਾਡ ਤੇ ਦੁਲਾਰ ਵਾਲੀ,,, ਏਹੀਓ ਚੁੰਨੀ ਲੈਣੀ ਏ ।

ਮਾਣ ਸਤਿਕਾਰ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ ।।।।

ਏਹੋ ਚੁੰਨੀ ਸਭਨਾਂ ਦੀ, ਵਿਗੜੀ ਬਣਾਉਂਦੀ ਏ ।
ਏਹੋ ਚੁੰਨੀ ਸੁੱਤੇ ਹੋਏ, ਭਾਗ ਜਗਾਉਂਦੀ ਏ ॥
ਲਾਲ ਲਾਲ ਪੀਲੀ ਪੀਲੀ,,, ਏਹੀਓ ਚੁੰਨੀ ਲੈਣੀ ਏ ।
ਛਾਂਵੀ ਹਰੀ ਨੀਲੀ ਪੀਲੀ,,, ਏਹੀਓ ਚੁੰਨੀ ਲੈਣੀ ਏ ।
*ਹੀਰਿਆਂ ਦੇ ਜਾਲ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਸਭ ਤੋਂ ਕਮਾਲ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ ।।।।

ਚੁੰਨੀ ਲੈਣ ਵਾਲੇ ਤੇ, ਨਿਹਾਲ ਹੋ ਜਾਣਗੇ ।
ਚੁੰਨੀ ਲੈਣ ਮਈਆ ਕੋਲੋਂ, ਵਾਰ ਵਾਰ ਆਣਗੇ ॥
ਮਾਂ ਨੂੰ ਮਿਲਾਉਣ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਸਭ ਨੂੰ ਰਿਝਾਉਣ ਵਾਲੀ,,, ਏਹੀਓ ਚੁੰਨੀ ਲੈਣੀ ਏ ।
*ਮਾਣ ਸਨਮਾਨ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਮਾਂ ਦੀ ਪਹਿਚਾਣ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ ।।।।

ਏਹੋ ਚੁੰਨੀ ਸਾਰਿਆਂ ਦੇ, ਢੱਕਦੀ ਏ ਪਰਦੇ ।
ਮਾਂ ਨੂੰ ਵੀ ਪਤਾ ਅਸੀਂ, ਨੌਕਰ ਹਾਂ ਦਰ ਦੇ ॥
ਕਰੇ ਖੁਸ਼ਹਾਲ ਜੇਹੜੀ,,, ਏਹੀਓ ਚੁੰਨੀ ਲੈਣੀ ਏ ।
ਕਰੇ ਮਾਲਾਮਾਲ ਜੇਹੜੀ,,, ਏਹੀਓ ਚੁੰਨੀ ਲੈਣੀ ਏ ।
*ਕਰੇ ਰੱਖਵਾਲੀ ਜੇਹੜੀ,,, ਏਹੀਓ ਚੁੰਨੀ ਲੈਣੀ ਏ ।
ਸੂਹੇ ਸੂਹੇ ਚੋਲੇ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ ।।।।

ਜਦੋ ਵੀ ਏਹ ਚੁੰਨੀ ਮਾਂ ਤੋਂ, ਚੰਚਲ ਨੇ ਲਈ ਏ ।
ਕਿਸੇ ਗੱਲ ਦੀ ਵੀ ਓਹਨੂੰ, ਥੋੜ ਨਾ ਰਹੀ ਏ ॥
ਆਸਾਂ ਤੇ ਮੁਰਾਦਾਂ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਮਿੱਠੀ ਮਿੱਠੀ ਯਾਦਾਂ ਵਾਲੀ,,, ਏਹੀਓ ਚੁੰਨੀ ਲੈਣੀ ਏ ।
*ਖੁਸ਼ੀਆਂ ਵਧਾਉਣ ਵਾਲੀ,,, ਏਹੀਓ ਚੁੰਨੀ ਲੈਣੀ ਏ ।
ਜੱਗ ਕਲਿਆਣ ਵਾਲੀ,,, ਏਹੀਓ ਚੁੰਨੀ ਲੈਣੀ ਏ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ ।।।।

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/23013/title/rang-de-lalariya-chunni-gulanari

अपने Android मोबाइल पर BhajanGanga App डाउनलोड करें और भजनों का आनंद ले |